ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਸ.ਅ.ਸ.ਨਗਰ
ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਫੇਜ-8 ਸ.ਅ.ਸ. ਨਗਰ
(ਪ੍ਰਮੋਸ਼ਨ ਸੈੱਲ)

ਹੁਕਮ ਨੰ:-743964

ਮਿਤੀ, ਸਅਸ ਨਗਰ/31-08-2024

1.0 ਮਾਨਯੋਗ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 28434 ਆਫ 2019 ਹਰਭਜਨ ਸਿੰਘ ਤੇ ਹੋਰ ਵਿੱਚ ਮਿਤੀ 15-02-2023 ਰਾਹੀਂ ਮਾਸਟਰ ਕਾਡਰ ਦੀ ਮਿਤੀ 19-06-19 ਰਾਹੀਂ ਜਾਰੀ ਕੀਤੀ ਸਾਂਝੀ ਸੀਨੀਆਰਤਾ ਸੂਚੀ ਖਤਮ ਕਰਦੇ ਹੋਏ ਨਵੀ ਸੀਨੀਆਰਤਾ ਸੂਚੀ ਬਣਾਉਣ ਦੇ ਹੁਕਮ ਕੀਤੇ ਗਏ ਸਨ।

2.0 ਮਿਤੀ 29-05-2024/05-8-2024 ਰਾਹੀ ਮਾਸਟਰ ਕਾਡਰ ਦੀ ਪ੍ਰੋਵੀਜਨਲ ਨਵੀ ਤਿਆਰ ਕੀਤੀ ਸੀਨੀਆਰਤਾ ਸੂਚੀ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰ ਦਿੱਤੀ ਗਈ ਹੈ।

3.0 **ਮਿਤੀ 11-06-2024,06-07-2024 ਅਤੇ 07-08-2024 ਨੂੰ ਵਿਭਾਗ ਦੀ ਵੈਬਸਾਈਟ ਰਾਹੀਂ ਪਬਲਿਕ ਨੋਟਿਸ ਜਾਰੀ ਕਰਦੇ ਹੋਏ ਮਾਸਟਰ ਕਾਡਰ ਤੋ ਬਤੌਰ ਲੈਕਚਰਾਰ ਵੱਖ-2 ਵਿਸ਼ਿਆਂ ਦੀ ਪੱਦਉਨਤੀਆਂ ਕਰਨ ਲਈ ਪਬਲਿਕ ਨੋਟਿਸ ਜਾਰੀ ਕੀਤਾ ਗਿਆ ਸੀ।**

4.0 ਉਕਤ ਦੇ ਸਨਮੁੱਖ ਮਾਸਟਰ/ਮਿਸਟ੍ਰੈਸ ਕਾਡਰ ਦੀ ਮਿਤੀ 29-05-2024/05-8-2024 ਰਾਹੀ ਮਾਸਟਰ ਕਾਡਰ ਦੀ ਨਵੀ ਤਿਆਰ ਕੀਤੀ ਸੀਨੀਆਰਤਾ ਸੂਚੀ ਦੇ ਆਧਾਰ ਤੇ ਮਾਸਟਰ/ ਮਿਸਟ੍ਰੈਸ ਕਾਡਰ ਤੋਂ ਬਤੌਰ ਲੈਕਚਰਾਰ ਸੋਸ਼ੋਲੋਜੀ ਵਿਸ਼ੇ ਵਿੱਚ ਆਰਜ਼ੀ ਤੋਰ ਤੇ (provisionally) ਪਦ ਉੱਨਤ ਕੀਤਾ ਜਾਂਦਾ ਹੈ ਅਤੇ ਪਦ ਉਨਤ ਕਰਮਚਾਰੀਆਂ ਦੀ ਤਨਖਾਹ ਫਿਕਸ ਕਰਨ ਸਮੇ ਛੇਵੇ ਪੇ-ਕਮਿਸ਼ਨ ਅਧੀਨ ਉਨਾਂ ਵੱਲੋਂ ਦਿੱਤੀਆਂ ਗਈਆਂ ਆਪਸ਼ਨਾਂ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇ।

## SOCIOLOGY

| SR. NO. | SEN.NO. | Staff ID | SCHOOL NAME AND District | Name | GENDER | SUBJECT AS MASTER | CATEGORY | SUBJECT OF PROMOTION AS LECTURER | REMARKS |
|---|---|---|---|---|---|---|---|---|---|
| 1 | 36326 | 318775170 | GSSS RANIPUR, KAPURTHALA | BHUPINDER KAUR | FEMALE | HINDI | GENERAL | SOCIOLOGY | OPEN |
| 2 | 38282-N | 787999317 | GHS DHUDHIANWAL, KAPURTHALA | JASWINDER KAUR | FEMALE | SS | GENERAL | SOCIOLOGY | OPEN |
| 3 | 38916-CA | 658998633 | GBSSS MANDI KALAN, BATHINDA | JASPAL KAUR | FEMALE | SCIENCE | GENERAL | SOCIOLOGY | OPEN |
| 4 | 38344 | 178341243 | GSSS Basti Mithu Jalandhar | Sonu | Female | SST | General | Sociolo gy | OPEN |

| | | | | | | | | | |
|---|---|---|---|---|---|---|---|---|---|
| 5 | 39768-A | 875054593 | GHS KMALPUR, HOSHIARPUR | RANDEEP KAUR | FEMALE | PUNJABI | GENERAL | SOCIOLOGY | OPEN |
| 6 | 44517 | 395377576 | GGSSSS OLD POLICE LINE, PATIALA | HARISH KUMAR | MALE | SS | GENERAL | SOCIOLOGY | OPEN |
| 7 | 45004 | 222460967 | GSSS RAM BAGH GATE, AMRITSAR | PANKAJ KUHARJA | FEMALE | SS | GENERAL | SOCIOLOGY | OPEN |
| 8 | 46918 | 654942804 | GSSS KHIZRABAD, MOHALI | SATKARDEEP KAUR | FEMALE | PUNJABI | SC | SOCIOLOGY | OPEN |
| 9 | 48239 | NA | GSSS SEC-21 A. CHD | NAVNEET KAUR | FEMALE | SS | GENERAL | SOCIOLOGY | OPEN |
| 10 | 48424 | 790926554 | GSSS NURPUR, JALANDHAR | GURDIAL MASIH | MALE | SS | GENERAL | SOCIOLOGY | OPEN |

**ਸ਼ਰਤਾ:-**

1. ਪਦ-ਉੱਨਤ ਕੀਤੇ ਕਰਮਚਾਰੀਆਂ ਦਾ ਪਰਖ ਸਮਾਂ 1 ਸਾਲ ਦਾ ਹੋਵੇਗਾ।

2. ਤਰੱਕੀ ਲਈ ਵਿਚਾਰੇ ਗਏ ਉਮੀਦਵਾਰਾਂ ਵਿੱਚੋ ਜੇ ਕੋਈ ਕਰਮਚਾਰੀ ਇਹਨਾਂ ਹੁਕਮਾਂ ਦੀ ਮਿਤੀ ਨੂੰ ਵਾਧੇ ਤੇ ਚੱਲ ਰਿਹਾ ਹੈ, ਤਾਂ ਅਜਿਹਾ ਕਰਮਚਾਰੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਤਰੱਕੀ ਲੈਣ ਦਾ ਹੱਕਦਾਰ ਨਹੀਂ ਹੈ।

3. ਸਿਵਲ ਰਿੱਟ ਪਟੀਸ਼ਨ ਨੰ: - 13563 ਆਫ 2016- ਬਲਦੇਵ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰਾਂ ਵਿੱਚ ਮਿਤੀ 30-11-2016 ਨੂੰ ਮਾਨਯੋਗ ਹਾਈਕੋਰਟ ਵੱਲੋਂ ਕੀਤੇ ਫੈਸਲੇ ਦੇ ਸਨਮੁੱਖ ਜਿਨ੍ਹਾਂ ਕਰਮਚਾਰੀਆਂ ਨੇ ਆਪਣੀ ਮਾਸਟਰ ਡਿਗਰੀ ਪੰਜਾਬ ਰਾਜ ਤੋ ਬਾਹਰਲੀ ਯੂਨੀਵਰਸਿਟੀਆਂ ਤੋ ਡਿਸਟੈਂਸ ਮੋਡ ਰਾਹੀਂ ਯੂ.ਜੀ. ਸੀ ਦੀ ਗਾਈਡਲਾਈਨਜ ਮਿਤੀ 27-06-2013 ਤੋ ਪਹਿਲਾਂ ਕੀਤੀ ਹੋਈ ਹੈ, ਉਨਾਂ ਕਰਮਚਾਰੀਆਂ ਨੂੰ ਪ੍ਰੋਵੀਜਨਲ ਪਦ-ਉਨਤ ਕੀਤਾ ਜਾਂਦਾ ਹੈ।

4. ਸਿਵਲ ਰਿੱਟ ਪਟੀਸ਼ਨ ਨੰ: 13563 ਆਫ 2016- ਬਲਦੇਵ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰਾਂ ਅਤ ਐਲ ਪੀ ਏ 1843 ਆਫ 2019 ਸਟੇਟ ਆਫ ਪੰਜਾਬ ਬਨਾਮ ਕਰਮਜੀਤ ਕੋਰ ਵਿੱਚ ਅੰਤਿਮ ਹੋਣ ਵਾਲਾ ਫੈਸਲਾਂ ਇਨ੍ਹਾਂ ਪੱਦਉਨਤੀਆਂ ਤੇ ਲਾਗੂ ਹੋਵੇਗਾ।

5. ਸਿਵਲ ਰਿੱਟ ਪਟੀਸ਼ਨ ਨੰ: 17782 ਆਫ 2024- ਹਰਪ੍ਰੀਤ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰਾਂ ਵਿੱਚ ਅੰਤਿਮ ਹੋਣ ਵਾਲਾ ਫੈਸਲਾਂ ਇਨ੍ਹਾਂ ਪੱਦਉਨਤੀਆਂ ਤੇ ਲਾਗੂ ਹੋਵੇਗਾ।

6. ਪਦ-ਉਨਤ ਹੋਏ ਕਰਮਚਾਰੀਆਂ ਦੇ ਪੋਸਟਿੰਗ ਦੇ ਆਰਡਰ ਵੱਖਰੇ ਤੋਰ ਤੇ ਜਾਰੀ ਕੀਤੇ ਜਾਣਗੇ।

7. ਜਦੋਂ ਤੱਕ ਪਦ ਉਨਤ ਹੋਏ ਕਰਮਚਾਰੀਆਂ ਨੂੰ ਸਟੇਸ਼ਨ ਅਲਾਟ ਨਹੀ ਕੀਤੇ ਜਾਂਦੇ, ਉਹ ਆਪਣੀ ਹਾਜਰੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵਿੱਚ ਦੇਣ ਉਪਰੰਤ ਆਪਣੀਆਂ ਸੇਵਾਵਾਂ ਆਪਣੇ ਪਿੱਤਰੀ ਸਕੂਲ ਵਿੱਚ ਹੀ ਪ੍ਰਦਾਨ ਕਰਦੇ ਰਹਿਣਗੇ।

CamScanner

8. ਸਟੇਸ਼ਨ ਮਿਲਣ ਉਪਰੰਤ ਕਰਮਚਾਰੀ 3 ਦਿਨਾਂ ਦੇ ਅੰਦਰ-ਅੰਦਰ ਅਲਾਟ ਕੀਤੇ ਗਏ ਸਟੇਸ਼ਨ ਤੇ ਹਰ ਹਾਲਤ ਵਿੱਚ ਹਾਜ਼ਰ ਹੋਣਾ ਯਕੀਨੀ ਬਣਾਉਣਗੇ। ਜੇਕਰ ਕਰਮਚਾਰੀ ਮਿੱਥੇ ਸਮੇਂ ਦੇ ਅੰਦਰ-ਅੰਦਰ ਅਲਾਟ ਕੀਤੇ ਗਏ ਸਟੇਸ਼ਨ ਤੇ ਹਾਜ਼ਰ ਨਹੀਂ ਹੁੰਦਾ ਤਾਂ ਉਸ ਨੂੰ ਲੈਕਚਰਾਰ ਦੀ ਪਦ-ਉਨੱਤੀ ਤੋਂ ਸਬੰਧਤ ਵਿਸ਼ੇ ਵਿੱਚ 2 ਸਾਲ ਲਈ ਡੀਬਾਰ ਕਰ ਦਿੱਤਾ ਜਾਵੇਗਾ। ਸਬੰਧਤ ਡੀ.ਡੀ.ਓ ਅਜਿਹੇ ਕਰਮਚਾਰੀਆਂ ਦੀ ਸੇਵਾ ਪੱਤਰੀ ਵਿੱਚ ਡੀ ਬਾਰ ਸਬੰਧੀ ਐਂਟਰੀ ਕਰਨਾ ਯਕੀਨੀ ਬਣਾਉਣਗੇ।

9. ਸਬੰਧਤ ਕਰਮਚਾਰੀ ਤਰੱਕੀ ਵਾਲੇ ਸਟੇਸ਼ਨ ਤੇ ਹਾਜਰ ਹੋਣ ਦੀ ਸੂਰਤ ਵਿੱਚ ਆਪਣਾ ਤਰੱਕੀ/ ਸੇਵਾ ਰਿਕਾਰਡ ਸਬੰਧੀ ਡਾਟਾ ਈ-ਪੰਜਾਬ ਪੋਰਟਲ ਤੇ ਇਸ ਪੱਤਰ ਦੇ ਜਾਰੀ ਹੋਣ ਤੋਂ 7 ਦਿਨਾਂ ਦੇ ਅੰਦਰ-ਅੰਦਰ ਅੱਪ-ਡੇਟ ਕਰਨਾ ਯਕੀਨੀ ਬਣਾਉਣਗੇ। ਅਲਾਟ ਕੀਤੇ ਸਟੇਸ਼ਨ ਤੇ ਹਾਜਰ ਨਾ ਹੋਣ ਅਤੇ ਡਾਟਾ ਅੱਪ ਲੋਡ ਨਾ ਕਰਨ ਦੀ ਸੂਰਤ ਵਿੱਚ ਸਬੰਧਤ ਕਰਮਚਾਰੀ ਨੂੰ ਨਿਯਮਾਂ ਅਨੁਸਾਰ ਦੋ ਸਾਲ ਦੇ ਸਮੇਂ ਲਈ ਡੀ-ਬਾਰ ਕਰ ਦਿੱਤਾ ਜਾਵੇਗਾ। ਮੁੜ ਸਪਸ਼ੱਟ ਕੀਤਾ ਜਾਂਦਾ ਹੈ ਕਿ ਡੀ-ਬਾਰ ਸਬੰਧੀ ਕਾਰਵਾਈ ਈ-ਪੋਰਟਲ ਤੇ ਉਪਲਬੱਧ ਡਾਟੇ ਦੇ ਆਧਾਰ ਤੇ ਹੀ ਕੀਤੀ ਜਾਵੇਗੀ।

10. **ਹੁਕਮ ਜਾਰੀ ਹੋਣ ਉਪਰੰਤ ਕਿਸੇ ਕਰਮਚਾਰੀ ਦੇ ਵਿਰੁੱਧ ਵਿਭਾਗੀ ਕਾਰਵਾਈ/ਵਿਭਾਗੀ ਸਜ਼ਾ ਦਾ ਅਸਰ/ਵਿਜੀਲੈਂਸ ਇਨਕੁਆਰੀ ਜਾਂ ਕੋਈ ਵੀ ਕੋਰਟ ਕੇਸ ਚਲਦਾ ਪਾਇਆ ਜਾਂਦਾ ਹੈ ਤਾਂ ਇਹ ਜ਼ਿੰਮੇਵਾਰੀ ਡੀ.ਡੀ.ਓ/ਪ੍ਰਿੰਸੀਪਲ/ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ) ਦੀ ਹੋਵੇਗੀ। ਉਸ ਕਰਮਚਾਰੀ ਨੂੰ ਨਾ ਹੀ ਫਾਰਗ ਕੀਤਾ ਜਾਵੇ ਅਤੇ ਨਾ ਹੀ ਹਾਜਰ ਕਰਵਾਇਆ ਜਾਵੇ।**

11. ਜੇਕਰ ਕੋਈ ਕਰਮਚਾਰੀ ਉਪਰੋਕਤ ਸ਼ਰਤਾਂ ਪੂਰੀਆਂ ਨਹੀ ਕਰਦਾ ਤਾਂ ਉਸ ਕਰਮਚਾਰੀ ਦੀ ਕੀਤੀ ਗਈ ਪਦ ਉਨਤੀ ਰੱਦ ਸਮਝੀ ਜਾਵੇਗੀ ਅਤੇ ਇਸ ਸਬੰਧੀ ਸਬੰਧਤ ਸਕੂਲ ਮੁੱਖੀ/ਡੀ.ਡੀ.ਓ ਵਿਭਾਗ ਨੂੰ ਤੁਰੰਤ ਸੂਚਿਤ ਕਰੇਗਾ।

12. ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਵਿਭਾਗ ਵੱਲੋਂ ਸਿ ਰਿ ਪ ਨੰ 412 ਆਫ 2016 ਬਲਬੀਰ ਕੌਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਵਿੱਚ ਹੋਏ ਫੈਸਲੇ ਮਿਤੀ 24-02-2023 ਅਨੁਸਾਰ ਲੈਕਚਰਾਰ ਕਾਡਰ ਦੀ ਸੀਨੀਆਰਤਾ ਦੀ ਬਣਤਰ ਹੋਈ ਹੈ, ਜਿਸ ਸਬੰਧ ਵਿੱਚ ਹੁਣ ਤੱਕ ਲੈਕਚਰਾਰ ਕਾਡਰ ਵਿੱਚ ਹੋਈਆਂ ਪੱਦਉਨਤੀਆਂ ਦਾ ਮੁੜ ਤੋ ਰੀਵਿਓ ਕੀਤਾ ਜਾਣਾ ਹੈ, ਜਿਸ ਅਨੁਸਾਰ ਇਨਾਂ ਪੱਦਉਨਤ ਲੈਕਚਰਾਰ ਕਰਮਚਾਰੀਆਂ ਦੇ ਨਿਯੁਕਤੀ ਮਿਤੀ ਰੀਵਿਉ ਕਰਨ ਉਪਰੰਤ ਦਰਜ ਕਰਦੇ ਹੋਏ ਸੀਨੀਆਰਤਾ ਵਿੱਚ ਲਿਆਇਆ ਜਾਵੇਗਾ।

13. ਇਹ ਹੁਕਮ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਪਰਮਜੀਤ ਸਿੰਘ, ਪੀ.ਸੀ.ਐਸ
ਡਾਇਰੈਕਟਰ ਸਕੂਲ ਐਜੂਕੇਸ਼ਨ, (ਸੈਕੰਡਰੀ), ਪੰਜਾਬ

ਪਿਠ ਅੰਕਣ ਨੰਉਕਤ : ਮਿਤੀ : 31-08-2024

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1 ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਐਸ.ਏ.ਐਸ ਨਗਰ।
2. ਡਾਇਰੈਕਟਰ ਸਕੂਲ ਐਜੂਕੇਸ਼ਨ, (ਸੈਕੰਡਰੀ), ਪੰਜਾਬ (ਸੈਸਿ) , ਐਸ.ਏ.ਐਸ ਨਗਰ।।
3. ਡਾਇਰੈਕਟਰ ਸਕੂਲ ਐਜੂਕੇਸ਼ਨ, (ਐਲੀਮੈਂਟਰੀ), ਪੰਜਾਬ ,ਐਸ.ਏ.ਐਸ ਨਗਰ।
4. ਡਾਇਰੈਕਟਰ ਐਸ.ਸੀ.ਈ.ਆਰ.ਟੀ, , ਪੰਜਾਬ, ਐਸ.ਏ.ਐਸ ਨਗਰ।
5. ਡੀ.ਪੀ.ਆਈ (ਯੂ.ਟੀ) , ਚੰਡੀਗੜ੍ਹ ਅਤੇ ਯੂ.ਟੀ. ਦੇ ਸਬੰਧਤ ਸਕੂਲ
6. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।
7. ਸਮੂਹ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ, ਪੰਜਾਬ।
8. ਪੰਜਾਬ ਰਾਜ ਦੇ ਸਬੰਧਤ ਸਕੂਲ ਮੁੱਖੀ।(ਛੇਵੇ ਪੇ-ਕਮਿਸ਼ਨ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇ)
9. ਸਬੰਧਤ ਕਰਮਚਾਰੀ।

CamScanner

10. ਡੀ ਐਮ (ਐਮ. ਆਈ. ਐਸ ਵਿੰਗ) ।

ਸਹਾਇਕ ਡਾਇਰੈਕਟਰ, (ਪ੍ਰਮੋਸ਼ਨ ਸੈਲ)

CamScanner